Punjabi | ਪੰਜਾਬੀ

NSW STATE EMERGENCY SERVICE

# ਹੜ੍ਹ ਦੌਰਾਨ ਸੁਰੱਖਿਅਤ ਫ਼ੈਸਲੇ ਲਓ




## ਤਾਜ਼ਾ ਚੇਤਾਵਨੀਆਂ ਦੀ ਜਾਂਚ ਕਰੋ

- ਤਾਜ਼ਾ ਜਾਣਕਾਰੀ ਲਈ **NSW SES ਦੀ ਵੈੱਬਸਾਈਟ** 'ਤੇ ਜਾਓ।
- **ਹੈਜ਼ਰਡਜ਼ ਨੀਅਰ ਮੀ** ਐਪ 'ਤੇ ਜਾਣਕਾਰੀ ਵੇਖੋ।
- ਜਾਣਕਾਰੀ, ਤਾਜ਼ਾ ਖ਼ਬਰਾਂ ਅਤੇ ਸਲਾਹ ਲਈ ਰੇਡੀਓ ਅਤੇ ਟੀਵੀ ਸੁਣੋ।
- ਹੜ੍ਹਾਂ ਬਾਰੇ ਜਾਣਕਾਰੀ ਆਪਣੇ ਪਰਿਵਾਰ, ਦੋਸਤਾਂ ਅਤੇ ਗੁਆਂਢੀਆਂ ਨਾਲ ਸਾਂਝੀ ਕਰੋ।

## ਸਥਾਨਕ ਸਥਿਤੀਆਂ 'ਤੇ ਨਜ਼ਰ ਰੱਖੋ




**ਲਾਈਵ ਟ੍ਰੈਫਿਕ ਵੈੱਬਸਾਈਟ** 'ਤੇ ਸੜਕਾਂ ਦੇ ਬੰਦ ਹੋਣ ਬਾਰੇ ਜਾਣਕਾਰੀ ਵੇਖੋ।




ਹੜ੍ਹ ਵਾਲੇ ਇਲਾਕਿਆਂ ਤੋਂ ਦੂਰ ਰਹੋ।

## ਸੁਰੱਖਿਅਤ ਢੰਗ ਨਾਲ ਕਾਰਵਾਈ ਕਰੋ

- ਐਮਰਜੈਂਸੀ ਸੇਵਾਵਾਂ ਤੋਂ ਆਈਆਂ ਸਾਰੀਆਂ ਸਲਾਹਾਂ ਦੀ ਪਾਲਣਾ ਕਰੋ।
- ਹੜ੍ਹ ਦੇ ਪਾਣੀ ਵਿੱਚ ਕਦੇ ਵੀ ਪੈਦਲ ਨਾ ਚੱਲੋ, ਨਾ ਹੀ ਸਾਈਕਲ ਜਾਂ ਗੱਡੀ ਚਲਾਓ। ਹੜ੍ਹ ਦੇ ਪਾਣੀ ਵਿੱਚ ਕਦੇ ਨਾ ਖੇਡੋ।
- ਹੜ੍ਹ ਦੇ ਖ਼ਤਰੇ ਵਾਲੇ ਇਲਾਕੇ ਤੋਂ ਬਾਹਰ ਤੁਹਾਡੇ ਦੁਆਰਾ ਪਛਾਣੀ ਗਈ ਸੁਰੱਖਿਅਤ ਜਗ੍ਹਾ ਜਾਂ ਕਿਸੇ ਠਾਹਰ ਲੈਣ ਵਾਲੇ ਕੇਂਦਰ ਵਿੱਚ ਜਾਓ।

## ਛੱਡ ਕੇ ਜਾਣ ਲਈ ਬਹੁਤ ਦੇਰ ਹੋ ਗਈ ਹੈ

ਜੇਕਰ ਤੁਸੀਂ ਹੜ੍ਹ ਵਿੱਚ ਫਸ ਗਏ ਹੋ, ਤਾਂ ਕਿਸੇ ਮਜ਼ਬੂਤ ਇਮਾਰਤ ਦੇ ਸਭ ਤੋਂ ਉੱਚੇ ਹਿੱਸੇ ਜਾਂ ਉੱਚੀ ਜ਼ਮੀਨ 'ਤੇ ਪਨਾਹ ਲਓ ਅਤੇ ਬਚਾਅ ਲਈ **ਟ੍ਰਿਪਲ ਜ਼ੀਰੋ (000)** ਨੂੰ ਫ਼ੋਨ ਕਰੋ। ਇਹ ਇੱਕ ਜਾਨਲੇਵਾ ਸਥਿਤੀ ਹੈ।

ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES** ਨੂੰ **132 500** 'ਤੇ ਫ਼ੋਨ ਕਰੋ।

**www.ses.nsw.gov.au/languages**

@NSWSES | NSWSES | NSWSES